File No. SED-EDU4/6/2023-1EDU4/I/731483/2023 ਮਿਤੀ 24-11-2023

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

**ਹੁਕਮ**

ਸ੍ਰੀ ਸੁਸ਼ੀਲ ਨਾਥ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਫਤਿਹਗੜ੍ਹ ਸਾਹਿਬ ਨੂੰ ਸਰਕਾਰ ਦੇ ਪੱਤਰ ਪੱਤਰ ਨੰ. SED-EDU4/6/2023-1EDU4/1/607635/2023 ਮਿਤੀ 27-07-2023 ਨੂੰ ਡਿਊਟੀ ਪ੍ਰਤੀ ਅਣਗਹਿਲੀ ਵਰਤਣ ਕਾਰਨ ਸਰਕਾਰੀ ਸੇਵਾ ਤੋਂ ਮੁਅੱਤਲ ਕੀਤਾ ਗਿਆ ਸੀ। ਇਸ ਉਪਰੰਤ ਅਧਿਕਾਰੀ ਨੂੰ ਸਰਕਾਰ ਦੇ ਪੱਤਰ ਨੰ. SED-EDU4/6/2023-1EDU4/1/631765/2023 ਮਿਤੀ 31-08-2023 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ-8 ਅਧੀਨ ਦੋਸ਼ ਸੂਚੀ ਹੇਠ ਦਰਜ ਅਨੁਸਾਰ ਜਾਰੀ ਕੀਤੀ ਗਈ ਸੀ:-

"ਆਪ ਵਿਰੁੱਧ ਦੋਸ਼ ਹੈ ਕਿ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ ਵੱਲੋਂ ਸੂਚਿਤ ਕੀਤਾ ਗਿਆ ਕਿ ਆਪ ਦੀ ਬਤੌਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਫਤਿਹਗੜ੍ਹ ਸਾਹਿਬ ਤੈਨਾਤੀ ਦੌਰਾਨ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਸਕੂਲਾਂ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ. ਸ੍ਰੀ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਸਕੂਲਾਂ ਦਾ ਦੌਰਾ ਕੀਤਾ ਗਿਆ, ਪਰੰਤੂ ਉਸ ਸਮੇਂ ਦੌਰਾਨ ਆਪ ਮੌਕੇ ਤੇ ਹਾਜ਼ਰ ਨਹੀਂ ਹੋਏ ਅਤੇ ਨਾ ਹੀ ਆਪ ਵੱਲੋਂ ਇਸ ਸਬੰਧ ਵਿੱਚ ਮਿਤੀ 16-07-2023 ਨੂੰ ਸਵੇਰੇ 10.30 ਵਜੇ ਰੱਖੀ ਗਈ ਵੀਡੀਉ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ ਗਈ। ਆਪ ਵੱਲੋਂ ਆਪਣੀ ਡਿਊਟੀ ਪ੍ਰਤੀ ਲਾਪਰਵਾਹੀ ਅਤੇ ਉੱਚ ਅਧਿਕਾਰੀਆਂ ਦੇ ਆਦੇਸ਼ਾਂ ਦੀ ਹੁਕਮ ਅਦੂਲੀ ਕੀਤੀ ਗਈ ਹੈ।।"

2. ਇਹ ਕਿ ਅਧਿਕਾਰੀ ਵੱਲੋਂ ਮਿਤੀ 29-09-2023 ਨੂੰ ਉਸ ਵਿਰੁੱਧ ਜਾਰੀ ਦੋਸ਼ ਸੂਚੀ ਦਾ ਜਵਾਬ ਵਿਭਾਗ ਨੂੰ ਭੇਜਿਆ ਗਿਆ, ਜਿਸ ਵਿੱਚ ਉਸ ਨੇ ਲਿਖਿਆ ਕਿ ਉਸ ਦਾ ਲੀਵਰ ਡੈਮੇਜ ਹੋਣ ਕਾਰਨ ਉਸ ਨੂੰ Loose Motion ਲੱਗੇ ਰਹਿੰਦੇ ਹਨ ਅਤੇ ਡਰਿੱਪ ਲਗਵਾਉਣੀ ਪੈਂਦੀ ਹੈ। ਡਾਕਟਰ ਵੱਲੋਂ ਦਿੱਤੀ ਗਈ ਦਵਾਈ ਅਤੇ ਇੰਜੈਕਸ਼ਨ ਲੱਗਣ ਕਾਰਨ ਬੇਹੋਸ਼ੀ/ਨੀਂਦ ਕਾਰਨ ਉਸ ਨੂੰ ਮਿਤੀ 15-07-2023 ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਦੌਰੇ ਅਤੇ ਮਿਤੀ 16-07-2023 ਨੂੰ ਮੀਟਿੰਗ ਬਾਰੇ ਕਿਸੇ ਨਾਲ ਤਾਲਮੇਲ ਨਹੀਂ ਕੀਤਾ ਜਾ ਸਕਿਆ। ਅਧਿਕਾਰੀ ਵੱਲੋਂ ਆਪਣੇ ਜਵਾਬ ਦੇ ਨਾਲ ਮੈਡੀਕਲ ਰਿਪੋਰਟਾਂ ਨਾਲ ਨੱਥੀ ਕੀਤੀਆਂ ਗਈਆਂ ਹਨ।

3. ਇਹ ਕਿ ਦੋਸ਼ੀ ਅਧਿਕਾਰੀ ਪਾਸੋਂ ਪ੍ਰਾਪਤ ਜਵਾਬ ਨੂੰ ਵਿਚਾਰਨ ਉਪਰੰਤ ਉਸ ਨੂੰ ਮਿਤੀ 17-11-2023 ਨੂੰ ਨਿਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿਜੀ ਸੁਣਵਾਈ ਦੌਰਾਨ ਅਧਿਕਾਰੀ ਵੱਲੋਂ ਬਿਆਨ ਕੀਤੀ ਸਥਿਤੀ ਕਿ ਉਹ ਮਿਤੀ 16-07-2023 (ਐਤਵਾਰ) ਨੂੰ ਮੈਡੀਕਲ ਫਿੱਟ ਨਹੀਂ ਸੀ ਅਤੇ ਉਸ ਦਾ ਮੈਡੀਕਲ ਇਲਾਜ ਚਲ ਰਿਹਾ ਸੀ। ਉਸ ਦੀ ਮਿਤੀ 17-07-2023 ਨੂੰ ਅਚਨਚੇਤ ਛੁੱਟੀ ਵੀ ਅਪਰੂਵ ਹੈ, ਸਬੰਧੀ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਹਮਦਰਦੀ ਨਾਲ ਵਿਚਾਰਨ ਉਪਰੰਤ ਸ੍ਰੀ ਸੁਸ਼ੀਲ ਨਾਥ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ), ਫਤਿਹਗੜ੍ਹ ਸਾਹਿਬ ਨੂੰ ਅਧਿਕਾਰੀ ਮੁਅੱਤਲ ਕਰਨ ਸਬੰਧੀ ਜਾਰੀ ਹੁਕਮ ਮਿਤੀ 27-07-2023 ਨੂੰ revoke ਕਰਦੇ ਹੋਏ ਸਰਕਾਰੀ ਸੇਵਾ ਵਿੱਚ ਬਹਾਲ ਕੀਤਾ ਜਾਂਦਾ ਹੈ ਅਤੇ ਉਸ ਨੂੰ ਮਿਤੀ 31-08-2023 ਨੂੰ ਜਾਰੀ ਦੋਸ਼ ਸੂਚੀ ਦਾਖਲ ਦਫਤਰ ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ
20-11-2023

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

P.T.O.

ਪਿ:ਅੰ:ਨੰ. SED-EDU4/6/2023-1EDU4/I/731483/2023 ਮਿਤੀ, ਚੰਡੀਗੜ੍ਹ: 24-11-2023

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਵਿਭਾਗ, (ਸੇਵਾਵਾਂ-3 ਸ਼ਾਖਾ)।
2. ਜਿਲ੍ਹਾ ਸਿੱਖਿਆ ਅਫਸਰ(ਐ.ਸਿੱ), ਫਤਿਹਗੜ੍ਹ ਸਾਹਿਬ।
3. ਸ੍ਰੀ ਸੁਸ਼ੀਲ ਨਾਥ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ), ਫਤਿਹਗੜ੍ਹ ਸਾਹਿਬ, ਮਾਰਫਤ ਦਫ. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਸੁਪਰਡੰਟ